بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡد

لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصاراللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ
# ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵੱਡਿਆਈ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 10 ਫ਼ਰਵਰੀ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੁ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ

ਪਿਛੱਲੇ ਖ਼ੁਤਬੇ'ਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼, ਕੁਰਆਨ ਸ਼ਰੀਫ਼ ਦੀ ਵਡਿੱਆਈ ਅਤੇ ਮਹਤੱਤਾ ਬਾਰੇ ਬਿਆਨ ਕਰ ਰਿਹਾ ਸੀ। ਅਜੱ ਇਸ ਸਿਲਸਿਲੇ'ਚ ਕੁਝੱ ਹੋਰ ਪੈਸ਼ ਕਰਾਂਗਾ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰਾਣੀ ਵਿਕਟੋਰਿਆ ਦੀ ਡਾਈਮਿੰਡ ਜੁਬਲੀ ਦੇ ਮੌਕੇ'ਤੇ ਰਾਣੀ ਨੂੰ ਇਸਲਾਮ ਦੇ ਪ੍ਰਚਾਰ ਲਈ ਲਿੱਖੀ ਗਈ ਕਿਤਾਬ ਤੌਹਫ਼ਾ ਕੈਸਰੀਆ'ਚ ਕੁਰਆਨ ਸ਼ਰੀਫ਼ ਦੀ ਮਹਤੱਤਾ ਅਤੇ ਗੁਣਾ ਬਾਰੇ ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਡੂੰਗੀ ਹਿਕਮਤਾਂ ਨਾਲ ਭਰਪੂਰ ਹੈ ਅਤੇ ਹਰ ਇਕੱ ਸਿਖਿੱਆ'ਚ ਇੰਜੀਲ ਨਾਲੋਂ ਹਕੀਕੀ ਨੇਕੀ ਸਿਖਾਉਂਦਾ ਹੈ। ਖਾਸ ਤੌਰ'ਤੇ ਸੱਚੇ ਅਤੇ ਸਥਿਰ ਰਬੱ ਨੂੰ ਵੇਖਣ ਦਾ ਚਿਰਾਗ ਕੁਰਆਨ ਸ਼ਰੀਫ਼ ਦੇ ਹਥੱ'ਚ ਹੈ। ਜੇਕਰ ਉਹ ਸੰਸਾਰ'ਚ ਨ ਆਇਆ ਹੁੰਦਾ। ਤਾਂ ਰਬੱ ਜਾਣੇ ਸੰਸਾਰ'ਚ ਜੀਵ-ਵਾਦ ਦੀ ਗਿਣਤੀ ਕਿੱਥੇ ਪਹੁੰਚ ਜਾਂਦੀ। ਧੰਨਵਾਦ ਦਾ ਸਥਾਨ ਹੈ ਕਿ ਰਬੱ ਦਾ ਈਸ਼ਵਰਵਾਦ ਜੋ ਜ਼ਮੀਨ'ਚੋਂ ਗੁਆਚ ਗਿਆ ਸੀ ਮੁੜ੍ਹ ਕਾਯਮ ਹੋ ਗਿਆ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਕੌਣ ਸੀ ਉਸ ਜ਼ਮਾਨੇ'ਚ ਜਿਸ ਨੇ ਇੰਨ੍ਹੀ ਹਿੰਮਤ ਨਾਲ ਹਿੰਦ ਦੀ ਰਾਣੀ ਨੂੰ ਇਹ ਸੰਦੇਸ਼ ਦਿੱਤਾ ਜਾਂ ਇਸਲਾਮ ਦਾ ਪ੍ਰਚਾਰ ਕੀਤਾ?। ਅਜੱ ਇਹੀ ਲੋਕ ਜਿਨ੍ਹਾਂ'ਚ ਇੰਨ੍ਹੀ ਹਿੰਮਤ ਨਹੀਂ ਸੀ ਕਿ ਇਸਲਾਮ ਅਤੇ ਕੁਰਆਨ ਸ਼ਰੀਫ਼ ਦੀ ਵਡਿੱਆਈ ਬਿਆਨ ਕਰਦੇ। ਇਹ ਕਹਿੰਦੇ ਹਨ ਕਿ ਹਜਰਤ ਮਸੀਹ ਮੌਊਦ ਅਲੈਹਿ ਸਲਾਮ ਜਾਂ ਜਮਾਅਤ, ਕੁਰਆਨ ਸ਼ਰੀਫ਼ ਦੀ ਬੇਇਜ਼ੱਤੀ ਕਰ ਰਹੀ ਹੈ (ਰਬੱ ਦੀ ਪਨਾਹ)। ਜਦੱਕਿ ਗੈਰ-ਮੁਸਲਿਮ ਜੋ ਕਿ ਕੁਰਆਨ ਸ਼ਰੀਫ਼ ਦੀ ਵਡਿੱਆਈ ਦਾ ਰਦੱ ਤਾਂ ਕਰ ਨਹੀਂ ਸਕਦੇ। ਸਗੋਂ ਉਨ੍ਹਾਂ ਦੀ ਹਰਕਤਾਂ ਵੇਖ ਕੇ ਇਸਲਾਮ ਦੀ ਦੁਸ਼ਮਨੀ'ਚ ਇੰਨ੍ਹੇ ਅੰਨ੍ਹੇ ਹੋ ਗਏ ਹਨ ਕਿ ਆਪਣੇ ਦਿਲ੍ਹ ਦੀ ਰਾਹਤ ਲਈ ਕੁਰਆਨ ਸ਼ਰੀਫ਼ ਦੇ ਨੁਸਖ਼ੇ ਸਾੜ੍ਹ ਕੇ ਆਪਣੇ ਦਿਲ੍ਹ ਦੀ ਭੜ੍ਹਾਸ ਕਢੱ ਰਹੇ ਹਨ। ਜਿਵੇਂ ਕਿ ਸੁਵੈਡਨ ਅਤੇ ਸਕੈਂਡੇ ਨੇਵੈਨ ਦੇਸ਼ਾਂ'ਚ ਅਜੀਹੇ ਕਿੱਸੇ ਹੋਏ ਹਨ। ਜੇਕਰ ਮੁਸਲਮਾਨ ਜ਼ਮਾਨੇ ਦੇ ਇਮਾਮ ਨੂੰ ਮੰਨ ਲੈਂਣ ਅਤੇ ਕੁਰਆਨ ਸ਼ਰੀਫ਼ ਦੀ ਸਿਖਿੱਆ

ਨੂੰ ਸਮਝਦੇ ਹੋਏ ਉਸ'ਤੇ ਤੁਰਨ ਤਾਂ ਗੈਰ-ਮੁਸਲਿਮਾਂ ਨੂੰ ਕਦੇ ਵੀ ਇੰਝ ਕੁਰਆਨ ਸ਼ਰੀਫ਼ ਦੀ ਬੇਇਜ਼ੱਤੀ ਕਰਨ ਦੀ ਹਿੰਮਤ ਨ ਹੋਵੇ। ਰਬੱ ਹੀ ਇਨ੍ਹਾਂ ਨੂੰ ਅਕਲ ਬਖ਼ਸ਼ੇ।

ਕੁਰਆਨ ਸ਼ਰੀਫ਼ ਹੀ ਕੇਵਲ ਹੁਣ ਹਦਾਯਤ ਦਾ ਸਾਧਨ ਹੈ। ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸਲਾਮ ਇਕੱ ਅਜੀਹਾ ਪਵਿਤੱਰ ਅਤੇ ਰੱਬੀ ਧਰਮ ਹੈ ਕਿ ਜੇਕਰ ਕੋਈ ਸੱਚੇ ਤੌਰ'ਤੇ ਇਸ ਦੀ ਪਾਬੰਦੀ ਕਰੇ.....ਜੋ ਰਬੱ ਦੇ ਪਾਕ ਕਲਾਮ ਕੁਰਆਨ ਸ਼ਰੀਫ਼'ਚ ਦਰਜ ਹੈ.....ਤਾਂ ਉਹ ਇਸੇ ਸੰਸਾਰ'ਚ ਰਬੱ ਨੂੰ ਵੇਖ ਲਵੇਗਾ। ਉਹ ਰਬੱ ਜੋ ਸੰਸਾਰ ਦੀ ਨਜ਼ਰ'ਚ ਹਜ਼ਾਰਾਂ ਪਰਦੀਆਂ'ਚ ਹੈ। ਉਸ ਦੀ ਪਛਾਣ ਲਈ ਕੁਰਆਨ ਸ਼ਰੀਫ਼ ਦੀ ਸਿਖਿੱਆਵਾਂ ਤੋਂ ਬਿਨ੍ਹਾਂ ਹੋਰ ਕੋਈ ਵੀ ਸਾਧਨ ਨਹੀਂ। ਕੁਰਆਨ ਸ਼ਰੀਫ਼ ਅਕਲੀ ਢੰਗ'ਚ ਅਤੇ ਆਕਾਸ਼ੀ ਨਿਸ਼ਾਨਾਂ ਦੇ ਰੰਗ'ਚ ਬਹੁਤ ਆਸਾਨ ਢੰਗ ਨਾਲ ਰਬੱ ਵੱਲ੍ਹ ਮਾਰਗ ਦਰਸ਼ਨ ਕਰਦਾ ਹੈ। ਇਸ'ਚ ਇਕੱ ਬਰਕਤ ਅਤੇ ਖਿਚੱ ਹੈ। ਜੋ ਰਬੱ ਦੇ ਚਾਹਵਾਨ ਨੂੰ ਰਬੱ ਵੱਲ੍ਹ ਖਿੱਚਦੀ ਹੈ ਅਤੇ ਚਾਨਣ ਤੇ ਆਰਾਮ ਬਖ਼ਸ਼ਦੀ ਹੈ ਅਤੇ ਕੁਰਆਨ ਸ਼ਰੀਫ਼'ਤੇ ਸੱਚਾ ਵਿਸ਼ਵਾਸ ਲਿਆਉਣ ਵਾਲੇ ਕੇਵਲ ਫ਼ਲਾਸਫ਼ਰਾਂ ਵਾਂਗ ਇਹ ਖ਼ਿਆਲ ਨਹੀਂ ਰਖੱਦੇ ਕਿ ਇਸ ਹਿਕਮਤ ਭਰਪੂਰ ਸੰਸਾਰ ਦਾ ਬਣਾਉਣ ਵਾਲਾ ਕੋਈ ਹੋਣਾ ਚਾਹੀਦਾ ਹੈ। ਸਗੋਂ ਉਹ ਇਕੱ ਰੱਬੀ ਨਜ਼ਰ ਪ੍ਰਾਪਤ ਕਰਕੇ ...ਵਿਸ਼ਵਾਸ ਦੀ ਅਖੱ ਨਾਲ ਵੇਖ ਲੈਂਦਾ ਹੈ ਕਿ ਸੱਚੋ ਸੱਚੀ ਉਹ ਬਣਾਉਣ ਵਾਲਾ ਮੌਜੂਦ ਹੈ ਅਤੇ ਇਸ ਪਾਕ ਕਲਾਮ ਦਾ ਪ੍ਰਕਾਸ਼ ਪ੍ਰਾਪਤ ਕਰਨ ਵਾਲਾ ਕੇਵਲ ਖ਼ੁਸ਼ਕ ਅਕਲ ਵਾਲੀਆਂ ਵਾਂਗ ਇਹ ਨਹੀਂ ਸੋਚਦਾ ਕਿ ਰਬੱ ਇੱਕ ਹੈ। ਸਗੋਂ ਕਈ ਸੌਂ ਚਮਕਦੇ ਨਿਸ਼ਾਨਾਂ ਨਾਲ ਜੋ ਉਸ ਦਾ ਹਥੱ ਫ਼ੜ੍ਹ ਕੇ ਅੰਧਕਾਰ ਤੋਂ ਕਢੱਦੇ ਹਨ। ਸੱਚੋ ਸੱਚੀ ਵੇਖ ਲੈਂਦਾ ਹੈ ਕਿ ਹਕੀਕਤ'ਚ ਜ਼ਾਤ ਅਤੇ ਸਿਫ਼ਾਤ'ਚ ਰਬੱ ਦਾ ਕੋਈ ਸਾਥੀ ਨਹੀਂ ਅਤੇ ਨ ਕੇਵਲ ਇੰਨ੍ਹਾ ਸਗੋਂ ਉਹ ਕਰਮ ਰਾਹੀਂ ਸੰਸਾਰ ਨੂੰ ਵਿਖਾ ਦਿੰਦਾ ਹੈ ਕਿ ਉਹ ਇੰਝ ਹੀ ਰਬੱ ਨੂੰ ਸਮਝਦਾ ਹੈ ਅਤੇ ਇਕੱ ਈਸ਼ਵਰਵਾਦ ਦੀ ਮਹਿਮਾ ਅਜੀਹੀ ਉਸ ਦੇ ਦਿਲ੍ਹ'ਚ ਸਮੋਹ ਜਾਂਦੀ ਹੈ ਕਿ ਉਹ ਰੱਬੀ ਇਰਾਦੇ ਅੱਗੇ ਸਾਰੇ ਸੰਸਾਰ ਨੂੰ ਇਕੱ ਮਰੇ ਕੀੜ੍ਹੇ ਵਾਂਗ ਸਗੋਂ ਵਿਅਰਥ ਅਤੇ ਬਿਲਕੁੱਲ ਖਤਮ ਸਮਝਦਾ ਹੈ

ਫ਼ਿਰ ਕੁਰਆਨ ਸ਼ਰੀਫ਼'ਚ ਗਿਆਨ ਅਤੇ ਕਰਮ ਰਾਹੀਂ ਸੰਪੂਰਨਤਾ ਦੀ ਹਦਾਯਤ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਵੀ ਯਾਦ ਰਖੱਣਾ ਚਾਹੀਦਾ ਹੈ ਕਿ ਕੁਰਆਨ ਸ਼ਰੀਫ਼'ਚ ਗਿਆਨ ਅਤੇ ਕਰਮ ਦੀ ਸੰਪੂਰਨਤਾ ਦੀ ਹਦਾਯਤ ਹੈ.....ਫ਼ਰਮਾਇਆ ਕਿ ਜੋ ਨਤੀਜੇ ਪੂਰਨ ਅਤੇ ਸੰਪੂਰਨ ਹਨ। ਕਰਮ ਦੀ ਤਰੱਕੀ ਲਈ ਉਨ੍ਹਾਂ ਲੋਕਾਂ ਦੀ ਰਾਹ'ਤੇ ਤੁਰਨ ਲਈ ਅਰਦਾਸ ਹੈ। ਜਿਨ੍ਹਾਂ ਨੂੰ ਦਾਦ ਮਿਲੀ ਨਬੀ, ਸਦੀਕ, ਸ਼ਹੀਦ ਅਤੇ ਸਾਲਿਹ ਹਨ ਅਤੇ ਫ਼ਿਰ ਉਨ੍ਹਾਂ ਦੀਆਂ ਮਿਸਾਲਾਂ ਵੀ ਮੌਜੂਦ ਹਨ ਅਤੇ ਇਸ ਜ਼ਮਾਨੇ'ਚ ਵੀ ਅਜੀਹੇ ਲੋਕ ਮੌਜੂਦ ਹਨ। ਜਿਨ੍ਹਾਂ ਨੂੰ ਹਦਾਯਤ ਮਿਲੀ, ਜਿਨ੍ਹਾਂ ਨੂੰ ਰਬੱ ਮਿਹਰਾਂ ਬਖ਼ਸ਼ਦਾ ਹੈ। ਫ਼ਰਮਾਇਆ ਜਿਵੇਂ ਇਕੱ ਬੂਟਾ ਜੋ ਲਾਇਆ ਗਿਆ ਹੈ। ਜਦੋਂ ਤਕੱ ਵੱਡਾ ਨ ਹੋ ਜਾਵੇ ਉਸ ਨੂੰ ਫ਼ਲ੍ਹ ਫ਼ੁਲ੍ਹ ਨਹੀਂ ਲਗਦੇ। ਇੰਝ ਹੀ ਜੇਕਰ ਕਿਸੇ ਹਦਾਯਤ ਦੇ ਉਤੱਮ ਅਤੇ ਸੰਪੂਰਨ ਨਤੀਜੇ ਮੌਜੂਦ ਨ ਹੋਣ ਤਾਂ ਉਹ ਹਦਾਯਤ ਮੁਰਦਾ ਹੈ। ਕੁਰਆਨ ਸ਼ਰੀਫ਼ ਇਕੱ ਅਜੀਹੀ ਹਦਾਯਤ ਹੈ ਕਿ ਉਸ'ਤੇ ਅਮਲ ਕਰਨ ਵਾਲਾ ਉਤੱਮ ਦਰਜੇ ਦੇ ਕਮਾਲ ਪ੍ਰਾਪਤ ਕਰ ਲੈਂਦਾ ਹੈ ਅਤੇ ਰਬੱ ਨਾਲ ਉਸ ਦਾ ਇਕੱ ਸੱਚਾ ਸੰਬੰਧ ਪੈਦਾ ਹੋਣ ਲਗੱਦਾ ਹੈ। ਇੱਥੇ ਤਕੱ ਕਿ ਉਸ ਦੇ ਨੇਕ ਕਰਮ ਇਕੱ ਪਵਿੱਤਰ ਰੁਖੱ ਵਾਂਗ ਵਧੱਦੇ ਅਤੇ ਫ਼ੁਲਦੇ ਫ਼ਲੱਦੇ ਹਨ।

ਕੁਰਆਨ ਸ਼ਰੀਫ਼ ਇਕੱ ਅਜੀਹੀ ਪਾਕ ਕਿਤਾਬ ਹੈ। ਜੋ ਉਸ ਸਮੇਂ ਸੰਸਾਰ'ਚ ਆਈ ਜਦੋਂ ਵੱਡੇ ਵੱਡੇ ਫ਼ਸਾਦ ਫ਼ੈਲ੍ਹੇ ਹੋਏ ਸਨ ਅਤੇ ਬਹੁਤ ਸਾਰੇ ਗਲਤ ਵਿਸ਼ਵਾਸ ਅਤੇ ਕੁਕਰਮ ਪ੍ਰਚਲਿਤੱ ਹੋ ਗਏ ਸਨ। ਇਸ ਬਾਰੇ ਰਬੱ ਸੰਕੇਤ ਕਰਦਾ ਹੈ ਕਿ ਸਾਰੇ ਭਾਵੇਂ ਕਿਤਾਬ ਵਾਲੇ ਅਤੇ ਕੀ ਦੂਜੇ ਸਾਰੇ ਹੀ ਗਲਤ ਵਿਸ਼ਵਾਸਾਂ'ਚ ਅੜ੍ਹਿਕੇ ਹੋਏ ਸਨ ਅਤੇ ਸੰਸਾਰ'ਚ ਵਿਸ਼ਾਲ ਫ਼ਸਾਦ ਫੈਲ੍ਹਿਆ ਹੋਇਆ ਸੀ। ਸੋ, ਇਸੇ ਲਈ ਰਬੱ ਨੇ ਸਾਰੇ ਝੂੱਠੇ ਵਿਸ਼ਵਾਸਾਂ ਦਾ ਰਦੱ ਕਰਨ ਲਈ ਕੁਰਆਨ ਸ਼ਰੀਫ਼ ਵਰਗੀ ਸੰਪੂਰਨ ਕਿਤਾਬ ਸਾਡੀ ਹਦਾਯਤ ਲਈ ਭੇਜੀ। ਖਾਸ ਕਰਕੇ ਸੂਰਤੁਲੱ ਫ਼ਾਤਿਹਾ'ਚ, ਜੋ ਪੰਜ ਨਮਾਜ਼ਾਂ ਦੀ ਹਰ ਰਕਅਤ'ਚ ਪੜ੍ਹੀ ਜਾਂਦੀ ਹੈ, ਸੰਕੇਤ ਵੱਜੋਂ ਸਾਰੇ ਅਕੀਦੀਆਂ ਦਾ ਜ਼ਿਕਰ ਹੈ

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਇਕੱ ਚਮਤਕਾਰ ਹੈ। ਚਮਤਕਾਰ ਇਕੱ ਅਜੀਹੀ ਆਦਤ ਨੂੰ ਕਹਿੰਦੇ ਹਨ ਕਿ ਦੂਜਾ ਬੰਦਾ ਉਸ ਦੀ ਮਿਸਾਲ ਪੈਸ਼ ਨ ਕਰ ਸਕੇ। ਕੁਰਆਨ ਸ਼ਰੀਫ਼ ਦਾ ਚਮਤਕਾਰ ਅਰਬ ਦੇਸ਼ ਦੇ ਸਾਰੇ ਵਸਨੀਕਾਂ ਦੇ ਸਾਮ੍ਹਣੇ ਪੈਸ਼ ਕੀਤਾ ਗਿਆ। ਪਰ ਅਰਬ ਦੇ ਸਾਰੇ ਵਸਨੀਕ ਉਸ ਦੀ ਮਿਸਾਲ ਪੈਸ਼ ਨਹੀਂ ਕਰ ਸਕੇ। ਸੋ, ਚਮਤਕਾਰ ਦੀ ਹਕੀਕਤ ਸਮਝਣ ਲਈ ਕੁਰਆਨ ਸ਼ਰੀਫ਼ ਦਾ ਕਲਾਮ ਬਹੁਤ ਚਮਕਦਾਰ ਮਿਸਾਲ ਹੈ। ਉਸ ਦਾ ਕਲਾਮ ਸੂਖ਼ਮ ਗਿਆਨ ਹੈ। ਇਹ ਇਕੱ ਅਜੀਹਾ ਲਾਜਵਾਬ ਚਮਤਕਾਰ ਹੈ। ਜੋ ਤੇਰ੍ਹਾ ਸੌ ਸਾਲ ਲੰਘਣ ਮਗਰੋਂ ਵੀ ਹੁਣ ਤਕੱ ਕੋਈ ਉਸ ਦਾ ਮੁਕਾਬਲਾ ਨਹੀਂ ਕਰ ਸਕਿਆ ਅਤੇ ਨ ਕਿਸੇ ਨੂੰ ਸ਼ਕਤੀ ਹੈ ਜੋ ਕਰ ਸਕੇ। ਇਹ ਚਮਤਕਾਰ ਭਰਪੂਰ ਭਵਿਖੱਬਾਣੀ ਨੂੰ ਵੀ ਚਮਤਕਾਰ ਭਰਪੂਰ ਇਬਾਦਤ ਵੱਜੋਂ ਬਿਆਨ ਕਰਦਾ ਹੈ। ਅਰਥਾਤ ਅਸਲੀ ਅਤੇ ਭਾਰੀ ਉਦੇਸ਼ ਚਮਤਕਾਰ ਤੋਂ ਸਚੱ ਅਤੇ ਝੂਠੱ'ਚ ਜਾਂ ਸੱਚੇ ਤੇ ਝੂੱਠੇ'ਚ ਇਕੱ ਅੰਤਰ ਵਿਖਾਉਣਾ ਹੈ। ਧਰਮ ਦੀ ਅਸਲ ਸੱਚਾਈ ਰਬੱ ਦੀ ਹਸਤੀ ਦੀ ਪਛਾਣ ਨਾਲ ਜੁੜ੍ਹੀ ਹੈ। ਸੱਚੇ ਧਰਮ ਲਈ ਜ਼ਰੂਰੀ ਹੈ ਕਿ ਉਸ'ਚ ਅਜੀਹੇ ਨਿਸ਼ਾਨ ਪਾਏ ਜਾਣ। ਜੋ ਰਬੱ ਦੀ ਹਸਤੀ'ਤੇ ਪੱਕੇ ਅਤੇ ਸੰਭਾਵਿਤ ਪ੍ਰਮਾਣ ਪੈਸ਼ ਕਰੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜੋ ਧਰਮ ਰਬੱ ਨੂੰ ਛਡੱਦਾ ਹੈ। ਉਹ ਇਕੱ ਮੁਰਦਾ ਧਰਮ ਹੈ। ਜਿਸ ਤੋਂ ਕਿਸੇ ਨੂੰ ਪਾਕ ਤਬਦੀਲੀ ਪ੍ਰਾਪਤ ਨਹੀਂ ਹੋ ਸਕਦੀ। ਫ਼ਰਮਾਇਆ ਕਿ ਫ਼ਿਰ ਇਸ ਗੱਲ੍ਹ ਦਾ ਕੌਣ ਫ਼ੈਸਲਾ ਕਰੇ ਕਿ ਇਸ ਕਿਤਾਬ'ਚ ਅਕਲੀ ਗੱਲ੍ਹਾਂ ਜੋ ਲਿਖਿੱਆਂ ਹਨ ਅਤੇ ਹਕੀਕਤ'ਚ ਇਲਹਾਮੀ ਹਨ। ਰਬੱ ਦੀ ਹਸਤੀ'ਤੇ ਉਹ ਕੱਦ ਦਲੀਲ ਦੇ ਸਕਦੀਆਂ ਹਨ ਅਤੇ ਕੱਦ ਕਿਸੇ ਸੱਚ ਦੇ ਜਾਚਕ ਦਾ ਨਫ਼ਸ ਇਸ ਗੱਲ੍ਹ'ਤੇ ਸੰਪੂਰਨ ਤਸੱਲੀ ਪਾ ਸਕਦਾ ਹੈ ਕਿ ਕੇਵਲ ਉਹੀ ਅਕਲੀ ਗੱਲ੍ਹਾਂ ਸੰਭਵਤਾ ਰੱਬੀ ਨਿਸ਼ਾਨ ਹਨ ਅਤੇ ਕਦੱ ਇਹ ਵਿਸ਼ਵਾਸ ਹੋ ਸਕਦਾ ਹੈ ਕਿ ਉਹ ਗੱਲ੍ਹਾਂ ਸੰਪੂਰਨ ਤੌਰ'ਤੇ ਗਲਤੀ ਤੋਂ ਪਾਕ ਹਨ। ਸੋ, ਜੇਕਰ ਧਰਮ ਕੇਵਲ ਕੁਝੱ ਗੱਲ੍ਹਾ ਨੂੰ ਅਕਲ ਜਾਂ ਫ਼ਲਸਫੇ ਦਾ ਨਾਂ ਲਾ ਕੇ ਆਪਣੀ ਸੱਚਾਈ ਦਾ ਕਾਰਨ ਬਿਆਨ ਕਰਦਾ ਹੈ ਅਤੇ ਆਕਾਸ਼ੀ ਨਿਸ਼ਾਨਾਂ ਤੇ ਆਦਤ ਤੋਂ ਵੱਧ ਕੇ ਗੱਲ੍ਹਾ ਨਹੀਂ ਵਿਖਾ ਸਕਦਾ। ਤਾਂ ਅਜੀਹੇ ਧਰਮ'ਤੇ ਤੁਰਨ ਵਾਲਾ ਧੋਖਾ ਖਾਂਦਾ ਹੈ ਅਤੇ ਅੰਧਕਾਰ'ਚ ਮਰੇਗਾ। ਜਦੋਂ ਤਕੱ ਇਕੱ ਧਰਮ ਇਸ ਗੱਲ੍ਹ ਦਾ ਜ਼ਿੰਮੇਵਾਰ ਨ ਹੋਵੇ ਕਿ ਉਹ ਰਬੱ ਦੀ ਹਸਤੀ ਨੂੰ ਸੰਭਵਤਾ ਸਾਬਤ ਕਰਕੇ ਵਿਖਾਏ ਤਦੱ ਤਕੱ ਉਹ ਧਰਮ ਕੁਝੱ ਚੀਜ਼ ਨਹੀਂ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹ ਉਹ ਸਥਾਨ ਹੈ। ਜਿਸ ਨੂੰ ਪ੍ਰਾਪਤ ਕਰਨ ਲਈ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਰਬੱ ਨੂੰ ਨਿਸ਼ਾਨਾਂ ਨਾਲ, ਜ਼ਾਤੀ ਸੰਬੰਧ ਨਾਲ ਪਛਾਣੋ। ਫ਼ਿਰ ਰਬੱ ਦੀ ਹਕੀਕਤ ਮਨੁੱਖ'ਤੇ

ਖੁਲ੍ਹਦੀ ਹੈ। ਰਬੱ ਦੀ ਮਿਹਰ ਨਾਲ, ਜਮਾਅਤੇ ਅਹਮਦੀਆ'ਚ ਅਜੀਹੀ ਮਿਸਾਲਾਂ ਹਨ ਕਿ ਗੈਰ ਧਰਮ ਸਗੋਂ ਨਾਸਤਿਕ ਅਤੇ ਰਬੱ ਨੂੰ ਨ ਮੰਨਣ ਵਾਲੀਆਂ ਨੂੰ ਵੀ ਰਬੱ ਦੀ ਹਸਤੀ ਦਾ ਯਕੀਨ ਹੋ ਜਾਵੇ। ਅਕਲੀ ਦਲੀਲਾਂ ਦਿੱਤੀਆਂ ਗਈਆਂ ਅਤੇ ਫ਼ਿਰ ਜਦੋਂ ਨਿਸ਼ਾਨ ਵਿਖਾਏ ਗਏ ਅਤੇ ਕਿੱਸੇ ਬਿਆਨ ਕੀਤੇ ਗਏ ਤਾਂ ਉਨ੍ਹਾਂ ਨੇ ਧਰਮ ਨੂੰ ਵੀ ਮੰਨਿਆ। ਬੈਲਜੀਅਮ ਦੇ ਇਕੱ ਨਾਸਤਿਕ ਨੇ ਬੈਅਤ ਕੀਤੀ ਅਤੇ ਦਸਿੱਆ ਕਿ ਜਦੋਂ ਮੈਂ ਰਬੱ ਦੀ ਹਸਤੀ ਨੂੰ ਮੰਨ ਲਿਆ। ਤਾਂ ਫ਼ਿਰ ਮੇਰੇ ਲਈ ਹੋਰ ਕੋਈ ਚਾਰਾ ਨਹੀਂ ਸੀ ਕਿ ਮੈਂ ਅਹਮਦੀਅਤ ਅਤੇ ਹਕੀਕੀ ਇਸਲਾਮ ਨੂੰ ਨ ਧਾਰਨ ਕਰਾਂ ਅਤੇ ਇਹ ਰਾਹ ਕਿਉਂਕਿ ਮੈਨੂੰ ਅਹਮਦੀਅਤ ਨੇ ਵਿਖਾਈ ਸੀ। ਇਸੇ ਲਈ ਮੈਂ ਅਹਮਦੀ ਮੁਸਲਮਾਨ ਹਾਂ। ਅਫ਼ਸੋਸ ਸਾਡੇ ਵਿਰੋਧੀ ਇਨ੍ਹਾਂ ਰੱਬੀ ਗੱਲ੍ਹਾਂ ਵੱਲ੍ਹ ਕੰਨ ਧਰਨਾ ਨਹੀਂ ਚਾਹੁੰਦੇ ਅਤੇ ਸਾਡੇ'ਤੇ ਦੋਸ਼ ਲਾਉਂਦੇ ਹਨ ਕਿ ਅਸੀਂ ਕੁਰਆਨ ਸ਼ਰੀਫ਼'ਚ ਤਬਦੀਲੀ ਕਰਦੇ ਹਾਂ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਨੇ ਹਰ ਇਕੱ ਕਿੱਸੇ ਨੂੰ ਰਸੂਲੁਲਾੱਹ ਸਲੱਲਾਹੋ ਅਲੈਹਿ ਵਸਲੱਮ ਲਈ ਅਤੇ ਇਸਲਾਮ ਲਈ ਇਕੱ ਭਵਿਖੱਬਾਣੀ ਕਰਾਰ ਦਿੱਤਾ ਹੈ ਅਤੇ ਇਨ੍ਹਾਂ ਕਿਸਿੱਆਂ ਦੀ ਭਵਿਖੱਬਾਣੀਆਂ ਵੀ ਕਮਾਲ ਸਫ਼ਾਈ ਨਾਲ ਪੂਰੀਆਂ ਹੋਈਆਂ ਹਨ। ਅਰਥਾਤ ਕੁਰਆਨ ਸ਼ਰੀਫ਼ ਰੱਬੀ ਗਿਆਨ ਤੇ ਦਲੀਲਾਂ ਦਾ ਦਰਿਆ ਹੈ ਅਤੇ ਭਵਿਖੱਬਾਣੀਆਂ ਦਾ ਇਕੱ ਸਮੁੰਦਰ ਹੈ। ਇਹ ਸੰਭਵ ਨਹੀਂ ਹੈ ਕਿ ਕੋਈ ਮਨੁਖੱ ਕੁਰਆਨ ਸ਼ਰੀਫ਼ ਤੋਂ ਬਿਨ੍ਹਾਂ ਰਬੱ'ਤੇ ਵਿਸ਼ਵਾਸ ਕਰ ਸਕੇ ਅਤੇ ਇਹ ਖ਼ੂਬੀ ਖ਼ਾਸ ਤੌਰ'ਤੇ ਕੁਰਆਨ ਸ਼ਰੀਫ਼'ਚ ਹੀ ਹੈ ਕਿ ਰਬੱ ਅਤੇ ਮਨੁਖੱ'ਚ ਪਏ ਪਰਦੇ ਦੂਰ ਹੋ ਜਾਂਦੇ ਹਨ। ਕੁਰਆਨ ਸ਼ਰੀਫ਼ ਦੇ ਦੋ ਭਾਗ ਹਨ। ਇਕੱ ਕਿੱਸੇ ਅਤੇ ਦੂਜਾ ਆਦੇਸ਼। ਕੋਈ ਗੱਲ੍ਹ ਕਿੱਸੇ ਦੇ ਰੰਗ'ਚ ਹੁੰਦੀ ਹੈ ਅਤੇ ਕੁਝੱ ਆਦੇਸ਼ ਹਦਾਯਤਾਂ ਦੇ ਰੰਗ'ਚ ਹੁੰਦੇ ਹੈ। ਜੋ ਲੋਕ ਉਸ'ਚ ਅੰਤਰ ਨਹੀਂ ਕਰਦੇ ਉਹ ਲੋਕ ਕੁਰਆਨ ਸ਼ਰੀਫ਼'ਚ ਵਿਰੋਧ ਸਾਬਤ ਕਰਨ ਵਾਲੇ ਹੁੰਦੇ ਹਨ।

ਇਹ ਵਿਸ਼ਾ ਜਾਰੀ ਹੈ ਹੋਰ ਵੀ ਆਪ ਅਲੈਹਿ ਸਲਾਮ ਦੇ ਆਦੇਸ਼ ਹਨ। ਸਮੇਂ ਸਮੇਂ'ਤੇ ਬਿਆਨ ਕਰਾਂਗਾ। ਰਬੱ ਸਾਨੂੰ ਕੁਰਆਨ ਸ਼ਰੀਫ਼ ਦੀ ਸਿਖਿੱਆ'ਤੇ ਸਹੀ ਢੰਗ ਨਾਲ ਕਰਮ ਕਰਨ ਦੀ ਸ਼ਕਤੀ ਬਖ਼ਸ਼ੇ। ਆਮੀਨ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا
مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ
وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔